# ਸਰਬੱਤ ਖ਼ਾਲਸਾ

# Sarbat Khalsa

ਗੁਰਮਤਿ ਸਿਧਾਂਤ ਪੰਚ-ਪ੍ਰਧਾਨੀ ਜੁਗਤਿ

੭ ਫ਼ਰਵਰੀ ੨੦੨੬

ਵਿਸ਼ਾ: **ਪੋਡਕਾਸਟਾਂ ਰਾਹੀਂ ਸਿੱਖੀ ਦੇ ਬ੍ਰਾਹਮਣੀਕਰਨ ਦੀ ਸਾਜਸ਼ ਨੂੰ ਗੁਰਮਤਿ ਅਨੁਸਾਰ ਚੁਣੌਤੀ ਦੇਣ ਦੀ ਲੋੜ।**

ਪਿਆਰੀ ਸਿੱਖ ਸੰਗਤ ਜੀ,

ਸਿੱਖੀ ਨੂੰ ਬ੍ਰਾਹਮਣਵਾਦੀ ਰੰਗਤ ਦੇਣ ਲਈ ਪਿਛਲੇ ਕੁਝ ਸਮੇਂ ਤੋਂ ਸੋਸ਼ਲ ਮੀਡੀਆ 'ਤੇ ਪੋਡਕਾਸਟਾਂ ਦਾ ਹੜ੍ਹ ਆਇਆ ਹੋਇਆ ਹੈ, ਜੋ ਚਿੰਤਾ ਦਾ ਵਿਸ਼ਾ ਹੈ। ਇਹਨਾਂ ਪੋਡਕਾਸਟਾਂ ਵਿੱਚ ਭੇਖੀ ਸਾਧ ਗੁਰਬਾਣੀ ਦੀਆਂ ਚੋਣਵੀਆਂ ਪੰਕਤੀਆਂ ਨੂੰ ਸ਼ਬਦ-ਭਾਵ ਦੇ ਸੰਦਰਭ ਤੋਂ ਬਾਹਰ ਜਾ ਕੇ ਬੜੀ ਬੇਸ਼ਰਮੀ ਨਾਲ ਦੁਰਵਰਤੋਂ ਕਰਦੇ ਦੇਖੇ ਜਾਂਦੇ ਹਨ। ਉਹ ਆਮ ਸਿੱਖ ਜਿਹਨਾਂ ਨੇ ਆਪਣੇ-ਆਪ ਨੂੰ ਗੁਰਬਾਣੀ-ਵਿਚਾਰ ਨਾਲ ਨਹੀਂ ਜੋੜਿਆ, ਇਹਨਾਂ ਪਖੰਡੀਆਂ ਦਾ ਅਸਰ ਕਬੂਲ ਕੇ ਗੁਰਮਤਿ ਤੋਂ ਦੂਰ ਜਾ ਰਹੇ ਹਨ।

ਸਮਾਜ ਵਿੱਚ ਭਰਮ ਅਤੇ ਪਖੰਡ ਫੈਲਾਉਣ ਲਈ ਜਿੱਥੇ ਭੇਖੀ ਸਾਧ ਸਿੱਧੇ ਤੌਰ 'ਤੇ ਸ਼ਾਮਲ ਹਨ, ਉੱਥੇ ਪੋਡਕਾਸਟ ਕਰਨ ਵਾਲੇ ਐਂਕਰ ਬਰਾਬਰ ਦੇ ਹਿੱਸੇਦਾਰ ਹਨ। ਇਹ ਐਂਕਰ ਗੁਰੂ-ਦੋਖੀ ਬਣ ਕੇ ਬੇਈਮਾਨੀ ਦੀ ਕਮਾਈ ਕਰ ਰਹੇ ਹਨ। ਸੰਗਤ ਨੂੰ ਇਹਨਾਂ ਤੋਂ ਸੁਚੇਤ ਹੋਣਾ ਚਾਹੀਦਾ ਹੈ ਅਤੇ ਕਰੜੇ ਸਵਾਲਾਂ ਦੇ ਘੇਰੇ ਵਿੱਚ ਲੈਣਾ ਚਾਹੀਦਾ ਹੈ।

ਇਸ ਵਿਸ਼ੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਸਰਦਾਰ ਅਜੈਪਾਲ ਸਿੰਘ ਜੀ ਗੁਰਬਾਣੀ ਦੇ ਚਾਨਣ ਵਿੱਚ ਬੜੀ ਬੇਬਾਕੀ ਨਾਲ ਅਤੇ ਖੂਬਸੂਰਤ ਪੇਸ਼ਕਾਰੀ ਨਾਲ ਇਹਨਾਂ ਪਖੰਡ ਦੀਆਂ ਦੁਕਾਨਾਂ ਨੂੰ ਇੱਕ-ਇੱਕ ਕਰਕੇ ਨੰਗਾ ਕਰ ਰਹੇ ਹਨ। ਸਰਬੱਤ ਖ਼ਾਲਸਾ ਜਥੇਬੰਦੀ ਸਰਦਾਰ ਅਜੈਪਾਲ ਸਿੰਘ ਜੀ ਦੇ ਇਸ ਕਾਰਜ ਦੀ ਭਰਪੂਰ ਸ਼ਲਾਘਾ ਕਰਦੀ ਹੈ।

ਸੋਸ਼ਲ ਮੀਡੀਆ ਦਾ ਅਲਗੋਰਿਥਮ (algorithm) ਝੂਠ ਅਤੇ ਨਫ਼ਰਤ ਨੂੰ ਵੱਧ ਫੈਲਾਉਂਦਾ ਹੈ, ਜਦੋਂ ਕਿ ਸੱਚੀ ਜਾਣਕਾਰੀ ਫੈਲਾਉਣ ਲਈ ਉੱਦਮ ਕਰਨਾ ਪੈਂਦਾ ਹੈ। ਸਰਬੱਤ ਖ਼ਾਲਸਾ ਜਥੇਬੰਦੀ ਦੀ ਅਕਾਲ ਪੁਰਖ ਅੱਗੇ ਅਰਦਾਸ ਹੈ ਕਿ ਉਹ ਪਰਚਾਰਕ ਅਤੇ ਪਰਸਾਰਕਾਂ ਨੂੰ ਗੁਰਮਤਿ ਦੇ ਚਾਨਣ ਵਿੱਚ ਭਰਮ ਨਾਸ਼ ਕਰਨ ਦਾ ਉੱਦਮ ਬਖ਼ਸ਼ਣ।

ਗੁਰਮਤਿ ਤੋਂ ਸੇਧ ਲੈ ਕੇ ਕੌਮ ਦੇ ਹਿੱਤ ਵਿਚ,

**ਵੱਲੋਂ ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)